# ਭਾਰਤ ਵਿੱਚ ਕਿਸਾਨ ਨਿਰਮਾਤਾ ਸੰਗਠਨ ਟਿਕਾਊ ਬਣਾਉਣਾ

## 2023-24 ਤੱਕ ਭਾਰਤ ਦੀ 10,000 ਐਫ ਪੀ ਓ ਸਥਾਪਤ ਕਰਨ ਦੀ ਕੋਸ਼ਿਸ਼

### '10,000 ਕਿਸਾਨ ਉਤਪਾਦਕ ਸੰਗਠਨਾਂ (ਐਫ ਪੀ ਓਜ਼) ਦਾ ਗਠਨ ਅਤੇ ਪ੍ਰਚਾਰ ਯੋਜਨਾ'

ਭਾਰਤ ਸਰਕਾਰ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਨੇ ਮੁੱਖ ਤੌਰ 'ਤੇ ਦੇਸ਼ ਦੇ ਛੋਟੇ, ਸੀਮਾਂਤ ਅਤੇ ਬੇਜ਼ਮੀਨੇ ਕਿਸਾਨਾਂ ਦੀ ਸਹਾਇਤਾ ਲਈ '10,000 ਕਿਸਾਨ ਉਤਪਾਦਕ ਸੰਗਠਨਾਂ (ਐਫ ਪੀ ਓਜ਼) ਦਾ ਗਠਨ ਅਤੇ ਪ੍ਰਚਾਰ ਯੋਜਨਾ' ਸ਼ੁਰੂ ਕੀਤੀ ਹੈ। ਇਸ ਯੋਜਨਾ ਦੇ ਤਹਿਤ, ਮੰਤਰਾਲੇ ਦਾ ਟੀਚਾ 2023-24 ਤੱਕ ਦੇਸ਼ ਭਰ ਵਿੱਚ 10,000 ਐਫ ਪੀ ਓ ਸਥਾਪਤ ਕਰਨ ਦਾ ਹੈ।

ਇਸ ਯੋਜਨਾ ਦੇ ਲਈ ਬਜਟ ਸਹਾਇਤਾ 4,496 ਕਰੋੜ ਰੁਪਏ ਹੈ। ਪ੍ਰਬੰਧਨ ਲਾਗਤ ਨੂੰ ਛੱਡ ਕੇ, ਵਿੱਤੀ ਸਹਾਇਤਾ ਪੰਜ ਸਾਲਾਂ ਲਈ ਵਧਾਈ ਜਾਣੀ ਹੈ, ਇਸ ਕਰਕੇ ਬਣਾਏ ਗਏ ਐਫ ਪੀ ਓਜ਼ ਨੂੰ 2027-28 ਤੱਕ ਮਾਲੀ ਮਦਦ ਦੀ ਲੋੜ ਹੋਵੇਗੀ। 2024-25 ਤੋਂ 2027-28 ਦੀ ਮਿਆਦ ਲਈ ਇਕਰਾਰ ਕੀਤੀ ਵਾਧੂ ਦੇਣਦਾਰੀ 2,369 ਕਰੋੜ ਰੁਪਏ ਹੋਵੇਗੀ। ਇਸ ਲਈ 2027-28 ਤੱਕ 6,866 ਕਰੋੜ ਰੁਪਏ ਦੀ ਕੁੱਲ ਬਜਟ ਰਾਸ਼ੀ ਦੀ ਲੋੜ ਹੋਵੇਗੀ। ਬਜਟ ਦੀ ਲੋੜ ਖੇਤੀਬਾੜੀ ਮੰਤਰਾਲੇ ਦੇ ਖੇਤੀਬਾੜੀ, ਸਹਿਕਾਰਤਾ ਅਤੇ ਕਿਸਾਨ ਭਲਾਈ ਵਿਭਾਗ ਦੀ ਸਮੁੱਚੀ ਨਿਰਧਾਰਿਤ ਰਾਸ਼ੀ ਤੋਂ ਪੂਰੀ ਕੀਤੀ ਜਾਣੀ ਹੈ।

ਯੋਜਨਾ ਦੇ ਟੀਚੇ ਅਤੇ ਮਨੋਰਥ

- 10,000 ਨਵੇਂ ਐਫ ਪੀ ਓਜ਼ ਬਣਾਉਣ ਲਈ ਇੱਕ ਸੰਪੂਰਨ ਅਤੇ ਵਿਆਪਕ ਸਹਾਇਕ ਵਾਤਾਵਰਣ ਪ੍ਰਣਾਲੀ ਪ੍ਰਦਾਨ ਕਰਨਾ ਜਿਸ ਨਾਲ ਜੀਵੰਤ ਅਤੇ ਟਿਕਾਊ ਆਮਦਨ-ਅਧਾਰਤ ਖੇਤੀ ਦਾ ਵਿਕਾਸ ਅਤੇ ਖੇਤੀਬਾੜੀ ਭਾਈਚਾਰੇ ਦੀ ਭਲਾਈ ਅਤੇ ਸਮੁੱਚਾ ਆਰਥਿਕ ਵਿਕਾਸ ਹੋ ਸਕੇ।
- ਸਰੋਤਾਂ ਦੀ ਘੱਟ ਲਾਗਤ ਅਤੇ ਸੁਚੱਜੀ ਵਰਤੋਂ ਨਾਲ ਉਪਜ ਵਿੱਚ ਵਾਧਾ ਕਰਨਾ ਅਤੇ ਸਮੂਹਕ ਕਾਰਵਾਈ ਨਾਲ ਕਿਸਾਨਾਂ ਦੀ ਪੈਦਾਵਾਰ ਦੇ ਲਈ ਵੱਧ ਤਰਲਤਾ ਅਤੇ ਬਾਜ਼ਾਰ ਵਿੱਚ ਕੜੀਆਂ ਬਣਾਉਣਾ।
- ਸਿਰਜਣ ਦੇ ਸਮੇਂ ਤੋਂ ਲੈ ਕੇ ਪੰਜ ਸਾਲਾਂ ਤੱਕ ਨਵੇਂ ਐਫ ਪੀ ਓਜ਼ ਦੇ ਪ੍ਰਬੰਧਨ, ਲਾਗਤਾਂ, ਉਤਪਾਦਨ, ਪ੍ਰੋਸੈਸਿੰਗ, ਉਪਜ ਦੇ ਮੁੱਲ ਵਿੱਚ ਵਾਧੇ, ਮੰਡੀਕਰਣ ਅਤੇ ਕਰਜ਼ੇ ਲਈ ਕੜੀਆਂ ਅਤੇ ਟੈਕਨਾਲੋਜੀ ਦੀ ਵਰਤੋਂ ਆਦਿ ਲਈ ਮਦਦ ਕਰਨਾ।
- ਐਫ ਪੀ ਓਜ਼ ਵਿੱਚ ਖੇਤੀਬਾੜੀ-ਉੱਦਮਤਾ ਦਾ ਹੁਨਰ ਵਿਕਸਤ ਕਰਨ ਲਈ ਸਮਰੱਥਾ ਨਿਰਮਾਣ ਪ੍ਰਦਾਨ ਕਰਨਾ ਤਾਂ ਜੋ ਉਹ ਸਰਕਾਰੀ ਸਹਾਇਤਾ ਦੀ ਮਿਆਦ ਤੋਂ ਬਾਅਦ ਵੀ ਆਰਥਿਕ ਅਤੇ ਵਿਵਹਾਰਕ ਤੌਰ 'ਤੇ ਸਵੈ-ਨਿਰਭਰ ਬਣ ਸਕਣ।

## ਲਾਗੂ ਕਰਨ ਵਾਲੀਆਂ ਏਜੰਸੀਆਂ

ਇੱਕਸਾਰ ਅਤੇ ਅਸਰਦਾਰ ਢੰਗ ਨਾਲ ਐਫ ਪੀ ਓਜ਼ ਬਣਾਉਣ ਅਤੇ ਉਨ੍ਹਾਂ ਨੂੰ ਹੁਲਾਰਾ ਦੇਣ ਲਈ ਤਿੰਨ ਲਾਗੂ ਕਰਨ ਵਾਲੀਆਂ ਏਜੰਸੀਆਂ — ਛੋਟੇ ਕਿਸਾਨ ਐਗਰੀ-ਬਿਜ਼ਨਸ ਕੰਸੋਰਟੀਅਮ (ਐਸ ਐਫ ਏ ਸੀ), ਨਵੀਂ ਦਿੱਲੀ; ਰਾਸ਼ਟਰੀ ਸਹਿਕਾਰੀ ਵਿਕਾਸ ਨਿਗਮ (ਐਨ ਸੀ ਡੀ ਸੀ), ਨਵੀਂ ਦਿੱਲੀ; ਅਤੇ ਰਾਸ਼ਟਰੀ ਖੇਤੀਬਾੜੀ ਅਤੇ ਪੇਂਡੂ ਵਿਕਾਸ ਬੈਂਕ (ਨਾਬਾਰਡ), ਮੁੰਬਈ – ਨੂੰ ਜ਼ਿੰਮੇਵਾਰੀ ਦਿੱਤੀ ਗਈ ਹੈ ਤਾਂ ਜੋ ਇਹ ਆਰਥਿਕ ਤੌਰ ਤੇ ਟਿਕਾਊ ਬਣ ਸਕਣ।

- ਐਸ ਐਫ ਏ ਸੀ ਕੰਪਨੀ ਐਕਟ ਦੇ ਭਾਗ IX A ਦੇ ਅਧੀਨ ਸ਼ਾਮਿਲ ਕੀਤੇ ਜਾਣ ਵਾਲੇ ਐਫ ਪੀ ਓਜ਼ ਦਾ ਗਠਨ ਅਤੇ ਸਮਰਥਨ ਕਰੇਗਾ।
- ਐਨ ਸੀ ਡੀ ਸੀ ਰਾਜਾਂ ਦੇ ਕਿਸੇ ਵੀ ਸਹਿਕਾਰੀ ਸੁਸਾਇਟੀ ਐਕਟ ਦੇ ਅਧੀਨ ਰਜਿਸਟਰਡ ਹੋਣ ਵਾਲੇ ਐਫ ਪੀ ਓਜ਼ ਦੀ ਸਥਾਪਨਾ ਅਤੇ ਸਮਰਥਨ ਕਰੇਗਾ।
- ਨਾਬਾਰਡ ਉਨ੍ਹਾਂ ਐਫ ਪੀ ਓਜ਼ ਦੀ ਸਥਾਪਨਾ ਅਤੇ ਸਮਰਥਨ ਕਰੇਗਾ ਜੋ ਕਿ ਕੰਪਨੀ ਐਕਟ ਦੇ ਭਾਗ IX A ਦੇ ਅਧੀਨ ਰਜਿਸਟਰਡ ਹਨ ਜਾਂ ਰਾਜਾਂ ਦੇ ਕਿਸੇ ਸਹਿਕਾਰੀ ਸੁਸਾਇਟੀ ਐਕਟ ਦੇ ਅਧੀਨ ਰਜਿਸਟਰਡ ਹਨ।

ਇਹ ਤਿੰਨ ਏਜੰਸੀਆਂ ਤੋਂ ਇਲਾਵਾ ਜੇ ਕੋਈ ਰਾਜ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਆਪਣੀ ਲਾਗੂ ਕਰਨ ਵਾਲੀ ਏਜੰਸੀ ਰੱਖਣਾ ਚਾਹੁੰਦਾ ਹੈ, ਤਾਂ ਉਹ ਉਸ ਏਜੰਸੀ ਦੀਆਂ ਗਤੀਵਿਧੀਆਂ ਅਤੇ ਤਜਰਬਿਆਂ ਦੇ ਵੇਰਵੇ ਨਾਲ ਮੰਤਰਾਲੇ ਨਾਲ ਸੰਪਰਕ ਕਰ ਸਕਦਾ ਹੈ। ਮੰਤਰਾਲਾ ਖੇਤਰ ਵਿੱਚ ਐਫ ਪੀ ਓਜ਼ ਦੇ ਗਠਨ ਅਤੇ ਸਮਰਥਨ ਲਈ ਲੋੜੀਂਦੇ ਤਜਰਬਿਆਂ ਅਤੇ ਮੌਜੂਦਾ ਮਨੁੱਖੀ ਸ਼ਕਤੀ ਦੇ ਪ੍ਰਸਤਾਵ 'ਤੇ ਵਿਚਾਰ ਕਰੇਗਾ।

ਹੁਣ ਤੱਕ, ਐਸ ਐਫ ਏ ਸੀ ਨੇ ਪੂਰੇ ਭਾਰਤ ਵਿਚ 897 ਐਫ ਪੀ ਓਜ਼ ਦੀ ਸਥਾਪਨਾ ਅਤੇ ਸਮਰਥਨ ਕੀਤਾ ਹੈ ਜਿਸ ਵਿੱਚ ਮੱਧ ਪ੍ਰਦੇਸ਼ ਵਿੱਚ ਸਭ ਤੋਂ 146, ਕਰਨਾਟਕ ਵਿੱਚ 125, ਮਹਾਰਾਸ਼ਟਰ ਵਿੱਚ 105 ਅਤੇ ਪੱਛਮੀ ਬੰਗਾਲ ਵਿੱਚ 89 ਸ਼ਾਮਿਲ ਹਨ। ਇਹ ਏਜੰਸੀ ਦੋ ਅਤੇ ਤਿੰਨ ਸਾਲਾਂ ਦੇ ਪ੍ਰੋਗਰਾਮਾਂ ਦੇ ਅਧੀਨ ਐਫ ਪੀ ਓਜ਼ ਦਾ ਸਮਰਥਨ ਕਰ ਰਹੀ ਹੈ।

ਭਾਰਤ ਵਿੱਚ ਐਫ ਪੀ ਓਜ਼ ਦੀ ਸਥਾਪਨਾ ਦੇ ਲਈ ਕੀਤਾ ਜਾ ਰਹੀ ਮਦਦ ਦੇ ਵੇਰਵੇ ਲਈ, ਕਿਰਪਾ ਕਰਕੇ ਐਸ ਐਫ ਏ ਸੀ ਦੀ ਵੈਬਸਾਈਟ http://sfacindia.com ਦੇਖੋ।